ਭਗਵਾਨ ਮਹਾਵੀਰ ਤੋਂ ਉਨ੍ਹਾਂ ਤੋਂ ਬਾਅਦ ਅਨੇਕਾਂ ਹੀ ਸਾਧਵੀਆਂ ਦਾ ਕਾਰਜ ਖੇਤਰ ਭਾਰਤੀ ਇਤਹਾਸ ਦੀ ਮਹੱਤਵ ਪੂਰਨ ਉਪਲਭਧੀ ਹੈ। ਜੈਨ ਆਚਾਰਿਆ ਹਰੀਭੱਦਰ ਦੀ ਪ੍ਰੇਰਣਾ ਦੇਣ ਵਾਲੀ ਇਕ ਮਹਾਨ ਸਾਧਵੀ ਯਕਸ਼ਨੀ ਸੀ। ਵਰਤਮਾਨ ਸਥਾਨਕ ਵਾਸੀ ਪ੍ਰੰਪਰਾ ਨੂੰ ਅਗੇ ਵਧਾਉਣ ਤੇ ਧਰਮ ਦੀ ਸੇਵਾ ਕਰਨ ਦਾ ਮੌਕਾ ਹੀ ਇਕ ਸੁਨਾਮ ਦੀ ਸਾਧਵੀ ਨੂੰ ਮਿਲਿਆ।

20ਵੀਂ ਸਦੀ ਵਿਚ ਹਿੰਦੀ ਦੀ ਪਹਿਲੀ ਜੈਨ ਇਸਤਰੀ ਲੇਖਿਕਾ ਸ਼੍ਰੀ ਪਾਰਵਤੀ ਜੀ ਮਹਾਰਾਜ ਨੇ 35 ਗ੍ਰੰਥ ਲਿਖੇ ਜਿਨ੍ਹਾਂ ਤੋਂ ਜੈਨ ਸਾਧਵੀ ਜੀ ਦੇ ਗਿਆਨ ਤੇ ਤਰਕ ਸ਼ਕਤੀ ਦਾ ਪਤਾ ਲਗਦਾ ਹੈ। ਉਨ੍ਹਾਂ ਦੀ ਪ੍ਰਮੁਖ ਚੇਲੀ ਪ੍ਰਵਰਨੀ ਸ਼੍ਰੀ ਰਾਜਮਤੀ ਜੀ ਮਹਾਰਾਜ ਹੋਏ ਹਨ। ਉਨ੍ਹਾਂ ਦੇ ਆਪਣੇ ਗਿਆਨ ਨਾਲ ਇਕ ਅਜਹੀ ਮਹਾਨ ਆਤਮਾ ਨੂੰ ਪ੍ਰਭਾਵਿਤ ਕਰਕੇ ਜੈਨ ਸੰਯਮ ਪ੍ਰਦਾਨ ਕੀਤਾ। ਜਿਨ੍ਹਾਂ ਨੂੰ ਅਸੀਂ ਸਾਰੇ ਉਪਪ੍ਰਵਰਤਨੀ ਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ ਦੇ ਨਾਂ ਨਾਲ ਜਾਣਦੇ ਹਾਂ।

ਇਹ ਜੈਨ ਸਾਧਵੀ ਸਿਰਫ ਖੁਦ ਹੀ ਅਨੇਕਾਂ ਭਾਸ਼ਾਵਾਂ ਦੇ ਜਾਨਕਾਰ ਹੀ ਨਹੀਂ, ਸਗੋਂ ਉਨ੍ਹਾਂ ਜੈਨ, ਅਜੈਨ ਗ੍ਰੰਥਾਂ ਦਾ ਡੂੰਘਾ ਤੁਲਨਾਤਮਕ ਅਧਿਐਨ ਕੀਤਾ ਹੈ। ਉਹ ਖੁਦ ਲੇਖਕ ਹੀ ਨਹੀਂ, ਸਗੋਂ ਉਨ੍ਹਾਂ ਆਪ ਕਈ ਲੇਖਕ ਤਿਆਰ ਕੀਤੇ ਹਨ। ਉਨ੍ਹਾਂ ਦਾ ਪਰਿਚੈ ਸ਼ਬਦਾਂ ਦਾ ਮੁਹਤਾਜ ਨਹੀਂ, ਕਿਉਂਕਿ ਸ਼ਬਦ ਤਾਂ ਬੇਜਾਨ ਹੁੰਦੇ ਹਨ।

ਉਹ ਖੁਦ ਆਪਣੇ ਆਪ ਵਿਚ ਸੰਜਮ, ਤਪ ਤੇ ਗਿਆਨ ਦਾ ਤ੍ਰਿਵੇਣੀ ਸੰਗਮ ਹਨ। ਸ਼੍ਰਮਣ ਸੰਘ ਦੇ ਦੂਸਰੇ ਅਚਾਰਿਆ